# ਬੱਸ ਕੰਡਕਟਰ

## ਸੀਨ 1

Day. Indoor. Bus Stand ਕਿਸੇ ਕਸਬੇ ਦਾ ਛੋਟਾ ਜਿਹਾ ਬੱਸ ਸਟੈਂਡ।

ਇਕ ਬਜ਼ੁਰਗ ਫਕੀਰ ਬੈਠਾ ਬੋਲ ਰਿਹਾ ਹੈ।

ਕੈਮਰਾ ਪੈਨ ਹੁੰਦਾ ਹੈ ਅਤੇ ਬੱਸ ਸਟੈਂਡ ਦੀ ਚਹਿਲ ਪਹਿਲ ਪਕੜਦਾ ਹੈ।

ਮੁਸਾਫਿਰ ਕਿਥੋਂ ਆਉਂਦਾ ਹੈ, ਕਿਥੇ ਜਾਂਦਾ ਹੇ। ਕੋਈ ਨਹੀਂ ਜਾਣਦਾ।

ਹਰ ਇਕ ਨੂੰ ਕਾਹਲ ਹੈ। ਆਉਣ ਦੀ ਵੀ, ਜਾਣ ਦੀ ਵੀ।

(ਕੈਮਰਾ ਸਾਮਾਨ ਚੁੱਕੀ ਕਾਹਲੀ ਨਾਲ ਜਾਂਦੇ ਮੁਸਾਫਿਰ ਨੂੰ ਪਕੜਦਾ ਹੈ।)

(ਬਜ਼ੁਰਗ ਫਕੀਰ ਦੇ ਮੋਨੋਲਾਗ ਉਤੇ ਬਸ ਸਟੈਂਡ 'ਤੇ ਹੁੰਦੀਆਂ ਗਤੀ-ਵਿਧੀਆਂ, ਸਵਾਰੀਆਂ, ਡਰਾਈਵਰਾਂ, ਕੰਡਕਟਰਾਂ ਦੇ ਵੱਖ-ਵੱਖ shots ਹੋਣਗੇ।)

ਹਰ ਕਿਸੇ ਨੂੰ ਕਿਸੇ ਨਾ ਕਿਸੇ ਦੀ ਇੰਤਜ਼ਾਰ ਹੈ, ਕਿਸ ਦੀ ਇੰਤਜ਼ਾਰ ਹੈ, ਕੋਈ ਨਹੀਂ ਜਾਣਦਾ।

## ਸੀਨ 2

Bus Stand. Day. Outdoor

ਇਕ ਬੱਸ ਖੜੀ ਹੈ। ਸਵਾਰੀਆਂ ਚੜ੍ਹ ਰਹੀਆਂ ਨੇ। ਬੱਸ ਦੀ ਖਿੜਕੀ 'ਚ ਖੜਾ ਕੰਡਕਟਰ ਜੀਤ (ਅਵਤਾਰ ਜੀਤ) ਕਿਸੇ ਦੀ ਇੰਤਜ਼ਾਰ ਕਰ ਰਿਹਾ ਹੈ। (ਫਕੀਰ ਦਾ voice over)

Voice over ਜੀਤ ਵੀ ਹਰ ਰੋਜ਼ ਇਸੇ ਵਕਤ ਕਿਸੇ ਦਾ ਇੰਤਜ਼ਾਰ ਕਰਦਾ ਹੈ। ਅੱਜ ਵੀ ਕਰ ਰਿਹਾ ਹੈ, ਪਰ ਉਹ ਅਜੇ ਤੱਕ ਨਹੀਂ ਆਈ। ਜਿਸਦੀ ਇੰਤਜ਼ਾਰ ਹੈ, ਉਹਦੇ ਨਾਲ ਕੀ ਰਿਸ਼ਤਾ ਹੈ ?

ਸਿੱਧੂ (ਸਵਾਰੀ) : ਚਲ ਬਈ ਮਾਰ ਸੀਟੀ ਚਲੀਏ ਫੇਰ।

ਜੀਤ : ਚਲਦੇ ਆਂ, ਤੂੰ ਅਗੇ ਜਾ ਕੇ ਪੂਣੀਆਂ ਕੱਤਣੀਆਂ ਨੇ !

ਡਰਾਈਵਰ : ਅੱਜ ਨੀ ਆਉਂਦੀ ਡਾਕਟਰਨੀ ਸਾਹਿਬਾ, ਛੁੱਟੀ 'ਤੇ ਹੋਣੀ ਐ।

*(ਉਸੇ ਵੇਲੇ ਜੀਤ ਨੂੰ ਡਾਕਟਰਨੀ ਬਲਜੀਤ ਆਉਂਦੀ ਦਿਸਦੀ ਹੈ। ਉਸ ਦੇ ਚਿਹਰੇ 'ਤੇ ਮੁਸਕਾਨ। ਡਰਾਈਵਰ ਸਮੇਤ ਰੋਜ਼ਾਨਾ ਇਸ ਬੱਸ 'ਤੇ ਸਫਰ ਕਰਨ ਵਾਲੀਆਂ ਸਵਾਰੀਆਂ ਵੀ ਇਹ ਨੋਟ ਕਰਦੀਆਂ ਨੇ। ਸਿੱਧੂ ਤੇ ਮਾਂਗਟ ਸਾਹਿਬ (ਰੋਜ਼ਾਨਾ ਇਸ ਬੱਸ ਦੇ ਸਫਰ ਕਰਨ ਵਾਲੀ ਜੋੜੀ ਵੀ ਇਹ ਗੱਲ ਨੋਟ ਕਰਦੀ ਹੈ ਤੇ ਅੱਖਾਂ ਅੱਖਾਂ 'ਚ ਇਕ ਦੂਜੇ ਨੂੰ ਕੋਈ ਇਸ਼ਾਰਾ ਕਰਦੀ ਹੈ। ਜਿਵੇਂ ਹੀ ਬਲਜੀਤ ਬਸ 'ਤੇ ਚੜ੍ਹਦੀ ਹੈ, ਸ਼ਰਮਾ ਟਿਪਣੀ ਕਰਦਾ ਹੈ।)*

ਸ਼ਰਮਾ : ਹੁਣ ਵਜੇਗੀ ਸੀਟੀ (ਬਲਜੀਤ ਟਿਪਣੀ 'ਤੇ ਪਰੇਸ਼ਾਨ ਹੁੰਦਾ ਹੈ।)

*(ਸੀਟੀ ਵੱਜਦੀ ਹੈ, ਦੋਵੇਂ ਮਸਖਰੇ ਖਿੜ ਖਿੜ ਹੱਸਦੇ ਨੇ, ਨਾਲ ਦੀਆਂ ਕੁਝ ਸਵਾਰੀਆਂ ਵੀ। ਬਸ ਚਲਦੀ ਹੈ।)*

## ਸੀਨ 3

Day. Outdoor, Bus stand.

L.S or Top L shot of bus stand.

ਬਸ ਅੱਡੇ 'ਚੋਂ ਨਿਕਲ ਰਹੀ ਹੈ।

Cut.

## ਸੀਨ 4

Day. Inside bus.

*(ਮਸਖਰਿਆਂ ਦੀ ਜੋੜੀ ਜੋ ਕਿ ਬਲਜੀਤ ਦੀ ਸੀਟ ਦੇ ਨੇੜੇ ਹੀ ਖੜੀ ਹੈ, ਟਿਪਣੀਆਂ ਕਸ ਰਹੀ ਹੈ।)*

ਸਿੱਧੂ : ਅੱਜ ਡਾਕਟਰਨੀ ਸਾਹਿਬਾ ਦੀ ਘੜੀ 'ਚ ਸਾਡੇ ਅੱਠ ਬੜੀ ਦੇਰ ਨਾਲ ਵੱਜੇ!

ਮਾਂਗਟ : ਸ਼ੁਕਰ ਐ ਵੱਜ ਤਾਂ ਗਏ, ਨਹੀਂ ਸਾਡਾ ਲੰਚ ਟੈਮ ਇਥੇ ਹੀ ਹੋ ਜਾਣਾ ਸੀ।

*(ਦੋਵੇਂ ਹੱਸਦੇ ਨੇ, ਇਕ ਦੋ ਹੋਰ ਸਵਾਰੀਆਂ ਵੀ ਹੱਸ ਪੈਂਦੀਆ ਨੇ।)*

*(ਬਲਜੀਤ ਇਸ ਸਭ ਤੋਂ ਪਰੇਸ਼ਾਨ ਨਜ਼ਰ ਆ ਰਹੀ ਹੈ।)*

*(ਇਕ ਹੋਰ ਸਵਾਰੀ ਮਸਖਰਿਆਂ ਦੀ ਇਸ ਜੋੜੀ ਵਿਚ ਸ਼ਾਮਲ ਹੋ ਜਾਂਦੀ ਹੈ।)*

ਸਵਾਰੀ : ਮੇਮ ਸਾਹਿਬ ਹੈ ਕੌਣ ?

ਸਿੱਧੂ : ਪਟਿਆਲੇ ਦੇ ਨੇੜਲੇ ਪਿੰਡ ਦੀ ਡਿਸਪੈਂਸਰੀ 'ਚ ਡਾਕਟਰ ਹੈ। ਰੋਜ਼ ਨਾਭਾ ਤੋਂ ਪਟਿਆਲਾ ਤੇ ਪਟਿਆਲਾ ਤੋਂ ਨਾਭਾ ਆਉਂਦੀ ਜਾਂਦੀ

ਹੈ। ਇਹ ਕੰਡਕਟਰ ਵੀ ਇਸੇ ਬੱਸ 'ਤੇ ਰੋਜ਼ ਦਾ ਕੰਡਕਟਰ ਹੈ।

ਸਵਾਰੀ : ਪਰ ਕੰਡਕਟਰ ਹੈ ਬੜਾ ਸਾਊ।

ਸਿੱਧੂ : ਡਾਕਟਰਨੀ ਵੀ ਸਾਊ ਹੈ।

ਮਾਂਗਟ : ਤੇ ਦੋਹਾਂ ਦਾ ਰੂਟ ਵੀ ਇਕੋ ਹੈ।

ਸਿੱਧੂ : ਬੱਸ ਦੋਹਾਂ ਦੀਆਂ ਘੜੀਆਂ ਦਾ ਟੈਮ ਵੱਖਰਾ ਵੱਖਰਾ ਹੈ।

ਮਾਂਗਟ : ਇਹ ਵੀ ਟੈਮ ਟੈਮ ਦੀ ਗੱਲ ਹੈ।

*(ਫਿਰ ਖਿੜ ਖਿੜ ਹਸਦੇ ਨੇ।)*

*(ਬਲਜੀਤ ਇਸ ਸਭ ਨੂੰ ਅਣਵੇਖਿਆਂ ਕਰਨ ਲਈ ਖਿੜਕੀ ਤੋਂ ਬਾਹਰ ਵੇਖਣ ਲਗਦੀ ਹੈ।)*

*(ਜੀਤ ਮਸਖਰਿਆਂ ਕੋਲ ਆਉਂਦਾ ਹੈ।)*

ਜੀਤ : ਭਾਈ ਸਾਹਿਬ ਤੁਸੀਂ ਡਰਾਈਵਰ ਦੇ ਕੋਲ ਜਾਕੇ ਖੜੇ ਹੋਵੋ, ਇਥੇ ਭੀੜ ਹੋ ਰਹੀ ਹੈ। (ਦੋਵੇਂ ਮਸਖਰੇ ਅੱਗੇ ਜਾਂਦੇ ਨੇ। ਬਲਜੀਤ ਸੁੱਖ ਦਾ ਸਾਹ ਲੈਂਦੀ ਹੈ।)

*(ਜੀਤ ਆਪਣੀ ਸੀਟ 'ਤੇ ਬੈਠਦਾ ਹੈ। ਉਹ ਵਾਰ-ਵਾਰ ਡਾਕਟਰਨੀ ਵੱਲ ਵੇਖ ਰਿਹਾ ਹੈ। ਬਲਜੀਤ ਇਹ ਗੱਲ ਨੋਟ ਕਰ ਰਹੀ ਹੈ ਤੇ ਥੋੜੀ uncomfortable ਹੈ।)*

ਬਲਜੀਤ ਜਦੋਂ ਬਾਹਰ ਵੇਖ ਰਹੀ ਹੈ ਤਾਂ ਵੱਖ-ਵੱਖ ਦ੍ਰਿਸ਼ ਉਸਦੀ ਨਜ਼ਰਾਂ ਸਾਹਮਣਿਓਂ ਗੁਜ਼ਰ ਰਹੇ ਨੇ।

Shot 1 : ਸੜਕਾਂ 'ਤੇ ਲੁੱਕ ਪਉਂਦੇ ਮਜ਼ਦੂਰ

Shot 2 : Over loaded buses and tempo.

Shot 3 : ਮੱਝਾਂ ਚਾਰਦੇ ਬਾਲ।

Shot 4 : ਸੜਕ ਪਾਰ ਕਰਦੀਆਂ ਮੱਝਾਂ ਗਾਵਾਂ।

Shot 5 : ਟਰਾਲੀ ਫੜ ਕੇ ਸਾਈਕਲ 'ਤੇ ਜਾਂਦਾ ਬੰਦਾ।

## ਸੀਨ 5

Day. Outdoor. Road side.
Different shots- Bus on different roads.

## ਸੀਨ 6

Day. Inside bus.
ਬਲਜੀਤ ਆਪਣੇ stop 'ਤੇ ਉਤਰਨ ਲਈ ਖੜੀ ਹੁੰਦੀ ਹੈ।

ਜੀਤ ਨੇੜੇ ਆਉਂਦਾ ਹੈ।

ਜੀਤ : ਤੁਸੀਂ ਬੈਠੇ ਰਹੋ, ਅਸੀਂ ਡਿਸਪੈਂਸਰੀਕੋਲੋਂ ਬੱਸ ਕੱਢ ਲਵਾਂਗੇ।

ਬਲਜੀਤ : ਨਹੀਂ ਤੁਸੀਂ ਖੇਚਲ ਨਾ ਕਰੋ।

ਜੀਤ : ਕੋਈ ਖੇਚਲ ਨਹੀਂ, ਅਸੀਂ ਓਧਰੋਂ ਵੀ ਜਾ ਸਕਦੇ ਆਂ।

ਡਰਾਈਵਰ : (ਟਿਪਣੀ ਕਰਦਾ ਹੈ) ਇਸ ਨੂੰ ਕੀ ਖੇਚਲ ਹੋਣੀ ਐ, ਇਸਨੇ ਤਾਂ ਪਿਛੇ ਬਹਿ ਕੇ ਸੀਟੀ ਹੀ ਵਜਾਣੀ ਆ।

*(ਮਸਖਰੇ ਹੱਸਦੇ ਨੇ, ਬਲਜੀਤ ਬਹਿ ਜਾਂਦੀ ਹੈ।)*

## ਸੀਨ 7

Outdoor. Near Dispensary.

ਬਸ ਡਿਸਪੈਂਸਰੀ ਦੇ ਨੇੜੇ ਰੁੱਕ ਰਹੀ ਹੈ।

## ਸੀਨ 8

Inside bus.

ਬਲਜੀਤ ਉਤਰਦੀ ਹੈ। ਜੀਤ ਉਸਨੂੰ ਜਾਂਦੀ ਵੇਖ ਰਿਹਾ ਹੈ। ਹੋਰ ਸਵਾਰੀਆਂ ਚੜ ਰਹੀਆਂ ਨੇ।

ਮਾਂਗਟ : ਚਲ ਬਈ ਮਾਰ ਸੀਟੀ। ਡਾਕਟਰਨੀ ਨੂੰ ਟੈਮ ’ਤੇ ਪਹੁੰਚਾਉਣ ਦੇ ਚੱਕਰ ’ਚ ਸਾਨੂੰ ਲੇਟ ਨਾ ਕਰ ਦਈਂ।

ਜੀਤ : ਮੈਨੂੰ ਪਤੈ ਤੁਹਾਡਾ ਵੱਡੇ ਟੈਮ ਆਲਿਆਂ ਦਾ। ਜਾਣਦਾ ਦਫਤਰ ਜਾ ਕੇ ਕਿਹੜਾ ਕੋਹਲੂ ਪੀੜਣੈਂ ਤੁਸੀਂ।

*(ਸੀਟੀ ਮਾਰਦਾ ਹੈ। ਬੱਸ ਤੁਰਦੀ ਹੈ। ਬੱਸ ਜਾਣ ਦਾ Long shot)*

## ਸੀਨ 9

Day. Indoor. Dispensary.

ਬਲਜੀਤ ਦੀ ਸਾਥਣ ਨਰਸ ਇਕ ਬੱਚੇ ਦੀ ਪੱਟੀ ਕਰ ਰਹੀ ਹੈ। ਦੂਜੀ ਨਰਸ ਰਜਿਸਟਰ ’ਚ ਕੁਝ ਭਰ ਰਹੀ ਹੈ। ਬਲਜੀਤ ਗੁੱਸੇ ਨਾਲ ਬੁੜਬੁੜਾਉਂਦੀ ਆਉਂਦੀ ਹੈ।

ਬਲਜੀਤ : ਪਤਾ ਨੀਂ ਆਪਣੇ ਆਪ ਨੂੰ ਸਮਝਦਾ ਕੀ ਹੈ।

ਬਬਲੀ : ਅੱਜ ਕੀ ਹੋਇਆ ?

ਬਲਜੀਤ : ਅੱਜ ਤਾਂ ਹੱਦ ਹੀ ਕਰ ਗਿਆ। ਬਸ ਇਥੇ ਬਾਹਰ ਵਾਲੀ ਸੜਕ ’ਤੇ ਲੈ ਆਇਆ... ਅਖੇ ਬੈਠੇ ਰਹੋ ਬੱਸ ਡਿਸਪੈਂਸਰੀ ਕੋਲ ਲੈ ਜਾਵਾਂਗੇ।

ਪਰਮਜੀਤ : ਇਹ ਤਾਂ ਚੰਗੀ ਗੱਲ ਹੈ। ਦੋ ਮੀਲ ਪੈਦਲ ਚਲਣ ਤੋਂ ਬਚ ਗਈ।

ਬਲਜੀਤ : ਤੇ ਉਹ ਦੋ ਮੀਲ ਮੈਂ ਕਿਸ ਤਰ੍ਹਾਂ ਕੱਟੇ ਨੇ, ਮੈਂ ਹੀ ਜਾਣਦੀ ਹਾਂ। ਦਿਲ ਤਾਂ ਕੀਤਾ ਕਿ ਉਹਨੂੰ ਗਲ ਤੋਂ ਫੜਕੇ ਪੁੱਛਾਂ, ਬਈ ਤੂੰ ਹੁੰਦਾ ਕੌਣ ਏਂ, ਮੇਰਾ ਖਿਆਲ ਰੱਖਣ ਵਾਲਾ ?

ਪਰਮਜੀਤ : ਪਿਛਲੇ ਜਨਮ ਦਾ ਕੋਈ ਰਿਸ਼ਤਾ ਲਗਦੈ...

ਬਲਜੀਤ : ਬਕਵਾਸ ਨਾ ਕਰ, ਕਿਤੇ ਉਸ ਦਾ ਗੁੱਸਾ ਤੇਰੇ 'ਤੇ ਨਾ ਉਤਰ ਜਾਏ।

ਬਬਲੀ : (ਬੱਚੇ ਨੂੰ ਭੇਜਕੇ) ਤੂੰ ਕੋਈ ਹੋਰ ਬੱਸ ਕਿਉਂ ਨੀਂ ਫੜ ਲੈਂਦੀ ?

ਬਲਜੀਤ : ਏਸ ਟੈਮ 'ਤੇ ਕੋਈ ਹੋਰ ਬੱਸ ਆਵੇ ਤਾਂ ਨਾ।

ਪਰਮਜੀਤ : ਵੈਸੇ ਪਤਾ ਕਰਨਾ ਚਾਹੀਦੈ, ਆਖਰ ਉਹ ਤੇਰਾ ਏਨਾ ਖਿਆਲ ਕਿਉਂ ਰੱਖਦੈ।

ਬਲਜੀਤ : ਮੈਨੂੰ ਲਗਦੈ, ਉਹ ਮੇਰੇ ਤੋਂ ਖਰੀ ਖਰੀ ਸੁਣਕੇ ਹੀ ਹਟੇਗਾ।

ਬਬਲੀ : ਤੂੰ ਉਸਨੂੰ ਸਾਫ ਕਹਿ ਦੇ ਕਿ ਫਜ਼ੂਲ ਦੀ ਹਮਦਰਦੀ ਵਿਖਾਉਣ ਦੀ ਲੋੜ ਨਹੀਂ, ਮੈਂ ਆਪਣਾ ਖਿਆਲ ਆਪ ਰੱਖ ਸਕਦੀ ਹਾਂ।

*(ਬਲਜੀਤ ਦਾ close up, ਉਹਕੁਝ ਸੋਚ ਰਹੀ ਹੈ।)*

## ਸੀਨ 10

Day. Outdoor. Outside house. Street.

ਬਲਜੀਤ ਆਪਣੇ ਘਰ ਤੋਂ ਬਾਹਰ ਨਿਕਲ ਰਹੀ ਹੈ। 14-15 ਸਾਲ ਦਾ ਇਕ ਮੁੰਡਾ ਸਾਈਕਲ ਲੈ ਕੇ ਤਿਆਰ ਖੜਾ ਹੈ।

ਬਲਜੀਤ : ਚੱਲ !(ਮੁੰਡਾ ਸਾਈਕਲ ਰੇੜਦਾ ਹੈ। ਬਲਜੀਤ ਭੱਜ ਕੇ ਪਿਛੇ ਬੈਠਦੀ ਹੈ।)

## ਸੀਨ 11

Day. Outdoor.

ਖੇਤਾਂ ਵਿਚੋਂ ਜਾਂਦੀ ਸੜਕ ਜਾਂ ਕੱਚਾ ਰਸਤਾ। ਸਾਈਕਲ ਜਾ ਰਹੀ ਹੈ। ਬਲਜੀਤ ਪਿਛੇ ਬੈਠੀ ਆਵਣਾ ਸੰਵਾਦ ਦੁਹਰਾ ਰਹੀ ਹੈ।

## ਸੀਨ 12

Day. Outdoor.

ਕਸਬੇ ਦਾ ਬੱਸ ਸਟੈਂਡ

ਮੁੰਡਾ ਬਲਜੀਤ ਨੂੰ ਬੱਸ ਸਟੈਂਡ 'ਤੇ ਲਾਹ ਕੇ ਜਾਂਦਾ ਹੈ।

ਦੋਵੇਂ ਮਸਖਰੀਆਂ ਸਵਾਰੀਆਂ ਪਹਿਲਾਂ ਹੀ ਉਥੇ ਖੜੀਆਂ ਨੇ, ਨਾਲ ਹੀ ਇਕ ਬਜ਼ੁਰਗ ਬੈਠਾ ਹੈ।

ਮਾਂਗਟ : (ਬਲਜੀਤ ਨੂੰ ਆਈ ਵੇਖਕੇ) ਸ਼ੁਕਰ ਏ, ਅੱਜ ਬੱਸ ਟੈਮ 'ਤੇ ਤੁਰੇਗੀ।

*(ਆਸ ਪਾਸ ਖੜੇ ਹੋਰ ਲੋਕ ਬਲਜੀਤ ਨੂੰ ਘੂਰ ਰਹੇ ਨੇ।)*

ਸਿੱਧੂ : (ਬਾਬਾ ਜੀ ਨੂੰ ਸੰਕੇਤ ਕਰਕੇ) ਵੇਖ ਲਵੋ ਬਾਬਾ ਜੀ, ਜ਼ਮਾਨਾ ਬਦਲ ਗਿਐ।

ਬਾਬਾ : ਜ਼ਮਾਨੇ ਨੇ ਤਾਂ ਬਦਲਣਾ ਹੀ ਹੋਇਆ ਭਾਈ। ਵਕਤ ਦੇ ਨਾਲ ਹਰ ਚੀਜ਼ ਬਦਲਦੀ ਹੈ।

ਮਾਂਗਟ : ਪਰ ਕੁਝ ਜ਼ਿਆਦਾ ਹੀ ਬਦਲ ਗਿਐ ਬਾਬਾ ਜੀ। ਹੁਣ ਕੁੜੀਆਂ ਘਰਾਂ 'ਚ ਨਹੀਂ ਬੈਠਦੀਆਂ, ਬਾਹਰ ਨੂੰ ਭੱਜਦੀਆਂ ਨੇ। ਸਭ ਕੰਮ ਕਰਨਾ ਚਾਹੁੰਦੀਆਂ ਨੇ, ਦਫਤਰਾਂ, ਹਸਪਤਾਲਾਂ, ਫੈਕਟਰੀਆਂ, ਡਿਸਪੈਂਸਰੀਆਂ 'ਚ।

*(ਇਕ ਪਾਤਰ ਮਨਤੇਜ ਕੋਲ ਹੀ ਖੜ੍ਹਾ ਇਹ ਵਾਰਤਾਲਾਪ ਸੁਣ ਰਿਹਾ ਹੈ।)*

ਬਾਬਾ : ਅੱਜਕਲ ਤੇ ਕੁੜੀਆਂ ਆਦਮੀਆਂ ਤੋਂ ਵੀ ਜ਼ਿਆਦਾ ਕਮਾਉਣ ਲੱਗ ਪਈਆਂ ਨੇ।

ਮਾਂਗਟ : ਤਦੇ ਤਾਂ ਆਦਮੀਆਂ ਦਾ ਰੋਅਬ ਨਹੀਂ ਰਿਹਾ।

ਮਨਤੇਜ : ਚੰਗੀ ਗੱਲ ਹੈ, ਰੋਅਬ ਦਾਬ ਵਾਲੀ ਪ੍ਰਥਾ ਦੇ ਅੰਤ ਦੀ ਸ਼ੁਰੂਆਤ ਹੋ ਗਈ ਹੈ।

ਸਿੱਧੂ : ਜੇ ਸਭ ਇੰਝ ਹੀ ਚਲਦਾ ਰਿਹਾ, ਤੁਸੀਂ ਵੇਖਣਾ ਅੱਜ ਤੋਂ ਵੀਹ ਸਾਲ ਬਾਅਦ ਇਸ ਮੁਲਕ 'ਚ ਕੀ ਕੰਜਰਖਾਨਾ ਸ਼ੁਰੂ ਹੋਣੈ।

ਮਨਤੇਜ : ਕਿਵੇਂ...

ਮਾਂਗਟ : ਤੀਵੀਆਂ ਬਾਹਰ ਨਿਕਲਣਗੀਆਂ ਤਾਂ ਆਦਮੀਆਂ ਨਾਲ ਮਿਲਣਗੀਆਂ। ਫੇਰ ਅਜੀਬ ਅਜੀਬ ਰਿਸ਼ਤੇ ਸ਼ੁਰੂ ਹੋਣਗੇ।

ਸਿੱਧੂ : ਮੈਨੂੰ ਲਗਦੈ ਕੰਡਕਟਰ ਤੇ ਡਾਕਟਰਨੀ ਦਾ ਵੀ ਕੋਈ ਰਿਸ਼ਤਾ ਹੈ।

*(ਡਾਕਟਰਨੀ ਉਨ੍ਹਾਂ ਤੋਂ ਬਹੁਤ ਦੂਰ ਜਾ ਕੇ ਖੜੀ ਹੋ ਜਾਂਦੀ ਹੈ। ਮਨਤੇਜ ਇਹ ਗੱਲ ਨੋਟ ਕਰਦਾ ਹੈ। ਬਲਜੀਤ ਲਗਭਗ ਉਨ੍ਹਾਂ ਤੋਂ 100 ਮੀਟਰ ਦੂਰ ਚਲੀ ਗਈ ਹੈ।)*

ਮਨਤੇਜ : (ਮਾਂਗਟ ਨੂੰ) ਤੁਸੀਂ ਕੀ ਕੰਮ ਕਰਦੇ ਹੋ ?

ਮਾਂਗਟ : ਮੈਂ ਰੱਖੜਾ ਦੇ ਸਕੂਲ 'ਚ ਮਾਸਟਰ ਹਾਂ।

ਮਨਤੇਜ : ਜਿਹੜੇ ਸਕੂਲ 'ਚ ਤੁਸੀਂ ਪੜ੍ਹਾਉਂਦੇ ਹੋ, ਉਥੇ ਕੋਈ ਮਾਸਟਰਨੀ ਹੈ ?

ਮਾਂਗਟ : ਹਾਂ ਹੈ।

ਮਨਤੇਜ : ਉਹਦਾ ਤੁਹਾਡੇ ਨਾਲ ਜਾਂ ਤੁਹਾਡਾ ਉਹਦੇ ਨਾਲ ਕੀ ਰਿਸ਼ਤਾ ਹੈ ?

ਮਾਂਗਟ : ਤੁਹਾਨੂੰ ਇਹ ਜਾਨਣ 'ਚ ਕੀ ਦਿਲਚਸਪੀ ਹੈ ?

ਮਨਤੇਜ : ਉਹੀ ਜੋ ਤੁਹਾਡੀ ਇਹ ਜਾਨਣ 'ਚ ਕਿ ਕੰਡਕਟਰ ਤੇ ਡਾਕਟਰਨੀ ਦਾ ਕੀ ਰਿਸ਼ਤਾ ਹੈ।

ਮਾਂਗਟ : ਇਹ ਕੀ ਬਕਵਾਸ ਹੈ ?

ਮਨਤੇਜ : ਬਕਵਾਸ ਨਹੀਂ, ਤੁਹਾਡੀ ਜਿਗਿਆਸਾ ਵਰਗੀ ਇਕ ਜਿਗਿਆਸਾ ਹੈ।

(ਉਸੇ ਵਕਤ ਬੱਸ ਆਉਂਦੀ ਹੈ। ਜਿਥੇ ਬਲਜੀਤ ਖੜੀ ਹੈ, ਉਥੇ ਜਾ ਕੇ ਰੁਕਦੀ ਹੈ। ਜਿਵੇਂ ਹੀ ਮਾਂਗਟ, ਸਿੱਧੂ ਭੱਜ ਕੇ ਨੇੜੇ ਪਹੁੰਚਦੇ ਨੇ, ਅਵਤਾਰ ਜੀਤ ਸੀਟੀ ਵਜਾ ਦਿੰਦਾ ਹੈ। ਬੱਸ ਚਲ ਪੈਂਦੀ ਹੈ। ਦੋਵੇਂ ਆਵਾਜ਼ਾਂ ਮਾਰਦੇ ਰਹਿ ਜਾਂਦੇ ਨੇ। ਮਨਤੇਜ ਉਹਨਾਂ ਦੀ ਇਸ ਹਾਲਤ 'ਤੇ ਮੁਸਕਰਾ ਰਿਹਾ ਹੈ।)

Cut.

**ਸੀਨ 13**

Day. Outdoor. Bus on road.

**ਸੀਨ 14**

Inside bus.

ਅਵਤਾਰ ਜੀਤ ਟਿਕਟਾਂ ਕੱਟ ਰਿਹਾ ਹੈ। ਇਕ ਮਾਈ ਕੋਲ ਆਉਂਦਾ ਹੈ।

ਜੀਤ : ਬੇਬੇ ਇਸ ਪੀਪੇ 'ਚ ਕੀ ਹੈ ?

ਬੇਬੇ : ਮਸਾਂ ਮਸਾਂ ਦੋਹਤਾ ਹੋਇਆ ਏ, ਪੰਜੀਰੀ ਲੈ ਕੇ ਚਲੀ ਆਂ, ਜਨੇਪੇ ਤੋਂ ਬਾਅਦ ਮਾਂ ਨੂੰ ਲੋੜ ਪੈਂਦੀ ਹੈ।

ਜੀਤ : ਜਾਣਾ ਕਿਥੇ ਐ ?

ਬੇਬੇ : ਬਡਲੀ।

ਜੀਤ : ਲਿਆ ਡੇਢ ਰੁਪਿਆ ਦੇ, ਖੁੱਲ੍ਹਾ।

*(ਬੇਬੇ ਝੋਲੇ 'ਚੋਂ ਪੈਸੇ ਕੱਢਦੀ ਹੈ।)*

## ਸੀਨ 15

Day. Outdoor.

5-7 ਜਨਾਨੀਆਂ ਦੀ ਭੀੜ ਬੱਸ ਰੁਕਵਾਉਂਦੀਆਂ ਹਨ। ਉਹ ਬੱਸ ਰੋਕ ਕੇ ਆਪਣਾ ਹੀ ਰੌਲਾ ਪਾ ਕੇ ਬਹਿ ਜਾਂਦੀਆਂ ਨੇ।

1 : ਨੀ ਚੜੋ ਫਟਾਫਟ।

2 : ਮਾਸੀ ਨੂੰ ਤਾਂ ਆ ਲੈਣ ਦਿਓ।

3 : (ਡਰਾਈਵਰ ਨੂੰ) ਵੇ ਭਾਈ ਰੋਕ ਕੇ ਰੱਖੀਂ।

ਜੀਤ : (ਖਿੜਕੀ 'ਚ ਆਉਂਦਾ) ਏਨਾ ਟੈਮ ਨਹੀਂ ਸਾਡੇ ਕੋਲ।

4 : (ਇਕ ਦਿਸ਼ਾ ਵੱਲ, ਜਿਧਰੋਂ ਮਾਸੀ ਭੱਜੀ ਆ ਰਹੀ ਹੈ।) ਨੀ ਮਾਸੀ ਛੇਤੀ ਕਰ।

ਜੀਤ : ਛੇਤੀ ਕਰੋ!

3 : ਵੇ ਭਾਈ ਅੱਗੇ ਕਿਹੜੀ ਅੱਗ ਲਗੀ ਐ। ਜਿਹੜੀ ਤੂੰ ਬੁਝਾਉਣੀ ਹੈ।

ਜੀਤ : ਸਵਾਰੀਆਂ ਨੇ ਡਿਊਟੀ ਜਾਣੈ। ਤੁਹਾਡੇ ਵਾਂਗ ਵਿਹਲੇ ਨੀ ਸਾਰੇ।

2 : ਪਰ ਮਾਸੀ ਨੂੰ ਕਿਵੇਂ ਛੱਡ ਦਈਏ। ਉਸ ਬਿਨਾਂ ਮਕਾਣ ਨੀ ਸੱਜਦੀ। ਉਸ ਵਰਗੇ ਵੈਣ ਨਹੀਂ ਪਾਉਂਦਾ ਕੋਈ। (ਮਾਸੀ ਆਉਂਦੀ ਹੈ, ਸਾਰੇ ਉਸ ਨੂੰ ਧੱਕੇ ਦੇਕੇ ਬੱਸ 'ਚ ਚੜ੍ਹਾਉਂਦੇ ਨੇ।)

*(ਬੱਸ ਚਲਦੀ ਹੈ। ਬੇਬੇ ਅਤੇ ਮਕਾਣ ਜਾਣ ਵਾਲੀਆਂ ਦੀ ਵਾਰਤਾਲਾਪ ਸ਼ੁਰੂ ਹੁੰਦੀ ਹੈ।)*

ਬੇਬੇ : ਭੈਣੇ ਕਿਸੇ ਦੀ ਮਕਾਣ ਚਲੀਆਂ ਔ?

1 : ਹਾਂ ਭੈਣੇ।

ਬੇਬੇ : ਮਰਨ ਵਾਲਾ ਕੌਣ ਏ?

2 : ਇਹ ਤਾਂ ਮਾਸੀ ਨੂੰ ਪਤੈ, ਅਸੀਂ ਤਾਂ ਉਹਦੇ ਨਾਲ ਚਲੀਆਂ।

3 : ਸਾਡੀ ਮਾਸੀ ਵਰਗੇ ਵੈਣ ਲਾਗਲੇ ਦਸਾਂ ਪਿੰਡਾਂ 'ਚ ਕੋਈ ਨਹੀਂ ਪਾਉਂਦਾ।

ਬੇਬੇ : ਮਰਨ ਵਾਲਾ ਕੌਣ ਐ। ਕੋਈ ਨੇੜੇ ਦਾ ਰਿਸ਼ਤੇਦਾਰ ਐ!

5 : ਮਾਸੀ ਦੀ ਭੈਣ ਦੇ ਜੇਠ ਦੇ ਸਹੁਰੇ ਦੇ ਭਰਾ ਦੀ ਮਾਸੀ ਦਾ ਘਰਵਾਲਾ।

ਇਕ ਮੁਸਾਫਰ : ਬੜਾ ਨੇੜੇ ਦਾ ਰਿਸ਼ਤਾ ਕੱਢਿਐ। ਤੁਹਡਾ ਕੀ ਲੱਗਿਆ?

5 : ਅਸੀਂ ਮਾਸੀ ਚਿੰਤੀ ਦੇ ਨਾਲ ਆ, ਜੋ ਉਸਦਾ ਲਗਿਆ, ਸਾਡਾ ਵੀ ਉਹੀ ਲਗਿਆ।

*(ਜੀਤ ਇਕ ਸਵਾਰੀ ਕੋਲ ਆਉਂਦਾ ਹੈ। ਸਵਾਰੀ ਦੱਸ ਦਾ ਨੋਟ ਪਕੜਾਉਂਦੀ ਹੈ।)*

ਜੀਤ : ਬਈ ਟੁੱਟੇ ਹੋਏ ਨਹੀਂ ਮੇਰੇ ਕੋਲ। ਬਾਰਾਂ ਆਨੇ ਕਿਰਾਇਆ ਤੇ ਦਸਾਂ ਦਾ ਨੋਟ ਲਈ ਫਿਰਦੈਂ। ਟੁੱਟੇ ਫੜ ਕਿਸੇ ਕੋਲੋਂ। (ਬਲਜੀਤ ਕੋਲ ਆਉਂਦਾ ਹੈ, ਉਸ ਕੋਲ ਵੀ ਦਸ ਦਾ ਨੋਟ ਹੈ।)

ਬਲਜੀਤ : ਟੁੱਟੇ ਹੋਏ ਤਾਂ ਹੈ ਨੀਂ।

ਜੀਤ : ਕੋਈ ਗੱਲ ਨੀ ਕੱਲ ਦੇ ਦੇਣਾ।

*(ਟਿਕਟ ਦੇਕੇ ਅਗੇ ਤੁਰ ਜਾਂਦਾ ਹੈ।)*

*(ਬਲਜੀਤ ਉਸਦੇ ਵਰਤਾਰੇ ਤੋਂ ਹੈਰਾਨ ਹੈ।)*

*(ਬੱਸ ਸਾਈਕਲਾਂ 'ਤੇ ਸਕੂਲ ਕਾਲਜ ਜਾ ਰਹੀਆਂ ਲੜਕੀਆਂ ਦੇ ਸਮੂਹ ਕੋਲੋਂ ਨਿਕਲਦੀ ਹੈ। ਇਕ ਮਸਖਰਾ ਖਿੜਕੀ 'ਚੋਂ ਸਿਰ ਬਾਹਰ ਕੱਢਕੇ ਕੋਈ ਟਿਪਣੀ ਕਰਦਾ ਹੈ। ਜੀਤ ਉਸ ਦੀ ਧੋਣ ਅੰਦਰ ਕਰਦੇ ਹੋਏ ਉਸਨੂੰ ਬੱਸ 'ਚ ਲਿਖਤ ਵਿਖਾਉਂਦਾ ਹੈ, 'ਸਰੀਰ ਦਾ ਕੋਈ ਅੰਗ ਖਿੜਕੀ 'ਚੋਂ ਬਾਹਰ ਕੱਢਣਾ ਮਨ੍ਹਾ ਹੈ।')*

*(ਵਿਅਕਤੀ ਚੁੱਪ ਹੋ ਕੇ ਬੈਠ ਜਾਂਦਾ ਹੈ।)*

*(ਬੱਸ ਰੁਕਣ ਲਈ ਹੌਲੀ ਹੁੰਦੀ ਹੈ। ਬਲਜੀਤ ਖੜੀ ਹੁੰਦੀ ਹੈ।)*

ਜੀਤ : ਤੁਸੀਂ ਬੈਠੇ ਰਹੋ, ਬੱਸ ਡਿਸਪੈਂਸਰੀ ਵੱਲੋਂ ਹੀ ਜਾਏਗੀ।

ਬਲਜੀਤ : (ਥੋੜੀ ਦ੍ਰਿੜਤਾ ਨਾਲ) ਮੈਨੂੰ ਇਥੇ ਹੀ ਲਾਹ ਦਿਓ।

ਜੀਤ : ਸਾਨੂੰ ਕੋਈ ਫਰਕ ਨੀਂ ਪੈਣਾ ਸਗੋਂ ਓਧਰੋਂ ਹੋਰ ਸਵਾਰੀ ਵੀ ਮਿਲ ਜਾਵੇਗੀ।

ਬਲਜੀਤ : ਮ 'ਮੈਂ' ਇਥੇ ਹੀ ਉਤਰਨੈ, ਮੈਨੂੰ ਕੋਈ ਕੰਮ ਹੈ। (ਕਹਿ ਕੇ ਬਾਰੀ ਕੋਲ ਚਲੀ ਜਾਂਦੀ ਹੈ। ਜੀਤ ਸੀਟੀ ਮਾਰਦਾ ਹੈ। ਬਲਜੀਤ ਉੱਤਰ ਕੇ ਕੱਚੇ ਰਾਹ ਪੈ ਜਾਂਦੀ ਹੈ। ਜੀਤ ਕੁਝ ਪਲ ਵੇਖਦਾ ਰਹਿੰਦਾ ਹੈ, ਫੇਰ ਬੱਸ ਚਲੈਂਦੀ ਹੈ)।

## ਸੀਨ 16

Day. Indoor. Dispensary

ਤਿੰਨੋ ਸਾਥਣਾਂ ਚਾਹ ਪੀ ਰਹੀਆਂ ਨੇ।

ਬਬਲੀ : ਮੈਨੂੰ ਲਗਦੈ ਜ਼ਰੂਰ ਉਸਦੇ ਦਿਲ 'ਚ ਕੋਈ ਘੁੰਡੀ ਐ।

ਪਰਮਜੀਤ : ਅੱਜ ਉਸਨੇ ਕਿਹਾ, ਪੈਸੇ ਕੱਲ ਦੇ ਦੇਣਾ। ਕੱਲ ਕਹੇਗਾ ਛੱਡੋ ਜੀ ਪੈਸੇ ਰਹਿਣ ਦਿਓ। ਪਰਸੋਂ ਨਾ ਪੈਸੇ, ਨਾ ਟਿਕਟ। ਚੌਥੇ ਹੋ ਸਕਦੈ ਤੁਹਾਡੀ ਲਈ ਇਕ ਕੱਪ ਚਾਹ ਵੀ ਪੇਸ਼ ਕਰੇ।

ਬਲਜੀਤ : ਕਰੇ ਤਾਂ ਸਹੀ ਚਾਹ ਪੇਸ਼। ਨਾ ਉਸਦੇ ਸਿਰ 'ਚ ਪਾ 'ਤੀ।

ਪਰਮਜੀਤ : ਸਾਡੇ ਸਾਹਮਣੇ ਹੀ ਗੁੱਸਾ ਵਿਖਾਉਂਦੀ ਹੈ।ਉਹਦੇ ਸਾਹਮਣੇ ਕਹੇਗੀ, 'ਨਹੀਂ' 'ਨਹੀਂ' ਮੈਨੂੰ ਇਥੇ ਹੀ ਲਾਹ ਦਿਓ, ਮੈਨੂੰ ਕੋਈ ਕੰਮ ਐ।

*(ਬਬਲੀ ਪਰਮਜੀਤ ਹੱਸਦੀਆਂ ਨੇ।)*

*(ਬਲਜੀਤ ਗੰਭੀਰਤਾ ਨਾਲ ਕੁਝ ਸੋਚ ਰਹੀ ਹੈ।)*

*Cut.*

## ਸੀਨ 17

Day. Indoor.

ਅੱਛਾ ਇੰਚਾਰਜ ਦਾ ਆਫਿਸ। ਇੰਚਾਰਜ ਬੈਠਾ ਹੈ। ਅਵਤਾਰਜੀਤ ਆਉਂਦਾ ਹੈ।

ਇੰਚਾਰਜ : ਆ ਬਈ ਅਵਤਾਰ ਸਿੰਘ... ਬੈਠ!

ਜੀਤ : ਕਿਵੇਂ ਯਾਦ ਕੀਤਾ ਸਾਹਿਬ ਜੀ?

ਇੰਚਾਰਜ : ਤੇਰੀ ਸ਼ਕਾਇਤ ਆਈ ਹੈ।

*(ਅਵਤਾਰ ਹੈਰਾਨ ਹੁੰਦਾ ਹੈ।ਇਸ ਤੋਂ ਬਾਅਦ ਦਾ ਵਾਰਤਾਲਾਪ ਮੁੱਕ ਪਿੱਠ ਭੂਮੀ 'ਚ ਸੰਗੀਤ।ਇੰਚਾਰੰਜ ਬੋਲ ਰਿਹਾ ਹੈ।ਅਵਤਾਰ ਸੁਣ ਰਿਹਾ ਹੈ।)*

*(ਜਦੋਂ ਅਵਤਾਰ ਜਾਂਦਾ ਹੈ ਤਾਂ ਇੰਚਾਰਜ ਉਸਨੂੰ ਜਾਂਦੇ ਨੂੰ ਵੇਖਦਾ ਹੈ।ਫਿਰ ਅਵਤਾਰ ਦੇ ਪਿਛੇ ਜਾਂਦਾ ਹੈ।)*

## ਸੀਨ 18

Day. Indoor bus. Bus stand.

*(ਇਕ ਕੰਘਿਆਂ ਸ਼ੀਸ਼ੇ ਵੇਚਨ ਵਾਲਾ ਵਿਅਕਤੀ ਬੱਸ 'ਚ ਸਮਾਨ ਵੇਚ ਰਿਹਾ ਹੈ।)*

*(ਜੀਤ ਖਿੜਕੀ 'ਤੇ ਖੜਾ ਹੈ।ਸਵਾਰੀਆਂ ਚੜ ਰਹੀਆਂ ਨੇ।)*

*(ਇਕ ਮਜ਼ਦੂਰ ਪਰਿਵਾਰ ਚੜਦਾ ਹੈ।ਜਿਸ ਸੀਟ 'ਤੇ ਪਰਿਵਾਰ ਬੈਠਦਾ ਹੈ, ਨਾਲ ਦੀਆਂ ਸਵਾਰੀਆਂ ਨੱਕ ਚਾੜ੍ਹਦੀਆਂ ਨੇ।)*

ਇਕ ਸਵਾਰੀ : ਬੱਸ ਦੇ ਸਫਰ ਦੀ ਇਕੋ ਮੁਸੀਬਤ ਹੈ, ਹਰ ਤਰ੍ਹਾਂ ਦੇ ਮੁਸਾਫਰ ਨਾਲ ਸਫਰ ਕਰਨਾ ਪੈਂਦਾ ਹੈ।

## ਸੀਨ 19

Outside bus. Same Time. Same Location (ਸੀਨ 18 ਵਾਲੀ)

ਮਾਂਗਟ ਤੇ ਸਿੱਧੂ ਖੜੇ ਨੇ ਨਾਲ ਹੀ ਮਨਤੇਜ ਖੜਾ ਹੈ।

ਮਾਂਗਟ : ਅੱਜ ਵੀ ਡਾਕਟਰਨੀ ਦੇ ਚੱਕਰ 'ਚ ਲੇਟ ਨਾ ਕਰ ਦੇਵੇ।

ਸਿੱਧੂ : ਡਾਕਟਰਨੀ ਨੂੰ ਪਤਾ ਐ, ਕਿੰਨੀ ਵੀ ਦੇਰ ਨਾਲ ਜਾਓ ਬੱਸ ਵੀ ਕਿਤੇ ਨੀ ਗਈ ਤੇ ਸੀਟ ਵੀ ਮਿਲ ਜਾਣੀ ਹੈ।

ਮਨਤੇਜ : Ladies first, ਇਹ ਇਸ ਮੁਲਕ ਦੀ ਤਹਿਜ਼ੀਬ ਹੈ।

ਮਾਂਗਟ : ਸਾਡਾ ਦੇਸ਼ ਹੁਣ ਇਕ ਆਜ਼ਾਦ ਦੇਸ਼ ਹੈ, ਹਰ ਇਕ ਦੇ ਹੱਕ ਬਰਾਬਰ ਹਨ, ਭਾਵੇਂ ਕੋਈ ਮਰਦ ਹੋਵੇ ਜਾਂ ਕੋਈ ਤੀਵੀ।

ਮਨਤੇਜ : ਤੁਸੀਂ ਮਰਦ ਹੋ ?

ਮਾਂਗਟ : ਕਿਉਂ ਇਸ ਵਿਚ ਕੋਈ ਸ਼ੱਕ ਏ ?

ਮਨਤੇਜ : ਕੀ ਤੁਸੀਂ ਆਪਣੇ ਘਰ 'ਚ ਆਪਣੀ ਬੀਵੀ ਨੂੰ ਉਹੀ ਹੱਕ ਦੇਂਦੇ ਹੋ, ਜੋ ਆਪ ਮਾਣਦੇ ਹੋ ?

ਮਾਂਗਟ : (ਕੱਚਾ ਜਿਹਾ ਹੋਕੇ) ਹਾਂ...

ਸਿੱਧੂ : ਚਲ ਰਹਿਣ ਦੇ ਸ਼ਰਮਾ... ਕਿਉਂ ਮੇਰਾ ਮੂੰਹ ਖੁਲਵਾਉਂਦਾ ਏਂ ? ਭੁਲਿਆ ਨਹੀਂ ਸਾਡੇ ਕੋਲੋਂ – ਦਾਰੂ ਪੀਕੇ ਜੋ ਤੂੰ ਘਰ 'ਚ ਖਰੂਦ ਕਰਦਾ ਏ, ਉਹ ਕਿਸੇ ਕੋਲੋਂ ਭੁਲਿਆ ਨਹੀਂ... ਭਾਬੀ ਨੂੰ ਕੁੱਟਣ ਲਗਿਆ, ਅੱਗਾ ਪਿੱਛਾ ਵੇਖਦਾ ਨਹੀਂ।

*(ਮਾਂਗਟ ਦੀ ਨਜ਼ਰ ਡਾਕਟਰਨੀ 'ਤੇ ਪੈਂਦੀ ਹੈ।)*

ਮਾਂਗਟ : ਆ ਗਈ ਡਾਕਟਰਨੀ।

(ਦੋਵੇਂ ਮਨਤੇਜ ਨੂੰ ਉਥੇ ਹੀ ਛੱਡ ਕੇ ਬੱਸ 'ਤੇ ਚੜ੍ਹਦੇ ਨੇ। ਬਲਜੀਤ ਬਸ 'ਤੇ ਚੜ੍ਹਦੀ ਹੈ। ਸੀਟੀ ਵਜਦੀ ਹੈ। ਬੱਸ ਅੱਡੇ ਤੋਂ ਨਿਕਲਦੀ ਹੈ।)

## ਸੀਨ 18

Day. Road side. Inside bus.

ਅਵਤਾਰ ਜੀਤ ਟਿਕਟਾਂ ਕੱਟ ਰਿਹਾ ਹੈ। ਬਲਜੀਤ ਕੋਲ ਆਉਂਦਾ ਹੈ। ਬਲਜੀਤ ਪੈਸੇ ਦੇਣ ਲਗਦੀ ਹੈ, ਮਨ੍ਹਾਂ ਕਰ ਦਿੰਦਾ ਹੈ।

ਅਵਤਾਰ : ਨਹੀਂ ਤੁਸੀਂ ਰਹਿਣ ਦਿਓ। (ਬਲਜੀਤ ਹੈਰਾਨ ਹੁੰਦਾ ਹੈ। ਥੋੜੀ ਸਖਤੀ ਨਾਲ)

ਬਲਜੀਤ : ਪਰ ਟਿਕਟ ਤਾਂ ਚਾਹੀਦੀ ਹੈ।

ਅਵਤਾਰ : ਟਿਕਟ ਦੀ ਕੋਈ ਲੋੜ ਨਹੀਂ।

ਬਲਜੀਤ : ਕਿਉਂ ?

ਇਕ ਸਵਾਰੀ : ਬੀਬੀ ਬਹਿ ਜਾ ਰਾਮ ਨਾਲ। ਸਵੇਰ ਤੋਂ ਸ਼ਾਮ ਤੱਕ ਬਥੇਰੇ ਲੋਕਾਂ ਦੇ ਪੈਸੇ ਮਾਰਦੇ ਨੇ। ਕਿਸੇ ਨੂੰ ਮੁਫਤ ਸਫਰ ਕਰਾਂ ਦੇਣਗੇ ਤਾਂ ਸ਼ਾਇਦ ਕੋਈ ਪੁੰਨ ਹੀ ਲੱਗ ਜਾਏ।

*(ਸਾਰੇ ਹਸਦੇ ਨੇ। ਜੀਤ ਪਿਛੇ ਆਪਣੀ ਸੀਟ 'ਤੇ ਜਾ ਕੇ ਬੈਠ ਜਾਂਦਾ ਹੈ।)*

*(ਬਲਜੀਤ ਖਿੜਕੀ ਕੋਲ ਬੈਠੀ ਹੈ। ਉਹਨੂੰ ਬਹੁਤ ਗੁੱਸਾ ਚੜ੍ਹਿਆ ਹੈ।)*

*(ਥੋੜੀ ਦੂਰ ਜਾ ਕੇ ਬੱਸ ਰੁਕਦੀ ਹੈ। ਇਕ ਟਿਕਟ ਚੈਕਰ ਚੜ੍ਹਦਾ ਹੈ।) (ਜਿਉਂ ਜਿਉਂ ਉਹ ਬਲਜੀਤ ਵੱਲ ਆ ਰਿਹਾ ਹੈ, ਬਲਜੀਤ ਨੂੰ ਪਸੀਨਾ ਆ ਰਿਹਾ ਹੈ ਅਤੇ ਉਸਦਾ ਗੁੱਸਾ ਵੱਧ ਰਿਹਾ ਹੈ। ਉਹ ਮੁੜ ਮੁੜ ਗੁੱਸੇ ਨਾਲ ਅਵਤਾਰ ਵੱਲ ਵੇਖ ਰਹੀ ਹੈ। ਅਵਤਾਰ ਵੀ ਥੋੜਾ ਘਬਰਾਇਆ ਹੋਇਆ ਹੈ।)*

*(ਬਲਜੀਤ ਸਿਰੂ ਕਾ ਕੇ ਬੈਠ ਜਾਂਦੀ ਹੈ। ਉਹਦੇ ਦਿਮਾਗ 'ਚ ਤਰ੍ਹਾਂ-ਤਰ੍ਹਾਂ ਦੇ ਵਿਚਾਰ ਆ ਰਹੇ ਨੇ।)*

ਚੈਕਰ : ਬੀਬੀ ਤੁਹਾਡਾ ਟਿਕਟ...

*(ਬਲਜੀਤ ਵੇਖਦੀ ਹੈ ਕਿ ਚੈਕਰ ਉਹਦੇ ਸਿਰ 'ਤੇ ਖੜਾ ਹੈ।)*

ਚੈਕਰ : ਟਿਕਟ ਕਿਥੇ ਹੈ ਤੁਹਾਡਾ ?

ਬਲਜੀਤ : (ਗੁੱਸੇ 'ਚ ਰੋਣ ਹਾਕੀ, ਅਵਤਾਰ ਵੱਲ ਸੰਕੇਤ ਕਰਕੇ) ਮੈਂ ਮੰਗਿਆ ਸੀ, ਮੈਂ ਪੈਸੇ ਵੀ ਦੇ ਰਹੀ ਸੀ, ਪਰ ਨਾ ਇਨ੍ਹਾਂ ਨੇ ਪੈਸੇ ਲਿਤੇ ਤੇ ਨਾ ਟਿਕਟ ਦਿੱਤੀ। ਮੈਂ ਇਨ੍ਹਾਂ ਦੇ ਇਸ ਵਰਤਾਰੇ ਤੋਂ ਤੰਗ ਆ ਗਈ ਹਾਂ। ਇਨ੍ਹਾਂ ਦੀ ਵਜ੍ਹਾ ਨਾਲ ਹਰ ਰੋਜ਼ ਬੱਸ ਵਿਚ ਮੇਰਾ ਮਖੌਲ ਉੱਡਦਾ ਹੈ। ਮੈਨੂੰ ਸਮਝ ਨਹੀਂ ਆਉਂਦੀ ਇਨ੍ਹਾਂ ਨੂੰ ਮੇਰੇ ਨਾਲ ਕੀ ਦੁਸ਼ਮਣੀ ਹੈ।

*(ਇਕ ਹੱਥ ਬਲਜੀਤ ਨੂੰ ਸਪਰਸ਼ ਕਰਦਾ ਹੈ। ਉਹ ਆਪਣੇ ਖਿਆਲਾਂ 'ਚੋਂ ਨਿਕਲਦੀ ਹੈ। ਵੇਖਦੀ ਹੈ ਕਿ ਉਸਦੇ ਪੱਲੇ 'ਚ ਇਕ ਟਿਕਟ ਪਈ ਹੈ। ਅਵਤਾਰ ਨੇੜਿਓਂ ਲੰਘ ਕੇ ਗਿਆ ਹੈ। ਟਿਕਟ ਚੈਕਰ ਟਿਕਟਾਂ ਚੈਕ ਕਰਦਾ ਆਉਂਦਾ ਹੈ, ਬਲਜੀਤ ਦਾ ਟਿਕਟ ਵੇਖ ਕੇ ਅੱਗੇ ਵੱਧ ਜਾਂਦਾ ਹੈ।)*

### ਸੀਨ 19

Day. Road side.

ਬੱਸ ਵੱਖ-ਵੱਖ ਸੜਕਾਂ ਤੋਂ ਗੁਜ਼ਰ ਰਹੀ ਹੈ।

### ਸੀਨ 20

Day. Inside bus.

ਬੱਸ ਰੁਕਣ ਨੂੰ ਹੈ। ਬਲਜੀਤ ਉਤਰਨ ਵਾਸਤੇ ਖਿੜਕੀ ਕੋਲ ਆਉਂਦੀ ਹੈ।

ਜੀਤ : ਤੁਸੀਂ ਬੈਠੇ ਰਹੋ। ਅਸੀਂ ਡਿਸਪੈਂਸਰੀ ਵੱਲੋਂ ਹੀ ਜਾਵਾਂਗੇ।

(ਬਲਜੀਤ ਉਸ ਵੱਲ ਵੇਖਦੀ ਵੀ ਨਹੀਂ। ਉਸਦਾ ਚਿਹਰਾ ਗੁੱਸੇ ਨਾਲ ਲਾਲ ਹੈ। ਬੱਸ ਰੁਕਦੇ ਹੀ ਉਹ ਉਤਰ ਕੇ ਆਪਣੇ ਰਾਹ ਪੈ ਜਾਂਦੀ ਹੈ। ਜੀਤ ਉਦਾਸ ਜਿਹਾ ਉਸਨੂੰ ਜਾਂਦੇ ਵੇਖ ਰਿਹਾ ਹੈ।)

(ਬੱਸ ਚਲ ਪੈਂਦੀ ਹੈ। ਦੂਰ ਤੱਕ ਜਾਂਦੀ ਬੱਸ ਦਾ Long shotÍ)

Cut.

### ਸੀਨ 21

Day. Indoor.

ਅੱਡਾ ਇੰਚਾਰਜ ਦਾ ਦਫਤਰ। ਬਲਜੀਤ ਅਤੇ ਅੱਡਾ ਇੰਚਾਰਜ ਗਲ ਕਰ ਰਹੇ ਨੇ।

ਇੰਚਾਰਜ : ਜੀ ਹਾਂ ਉਹ ਬੱਸ ਸਾਡੇ ਡਿਪੂ ਦੀ ਹੈ ਅਤੇ ਉਸ ਦਾ ਕੰਡਕਟਰ ਦਾ ਨਾਂ ਅਵਤਾਰ ਜੀਤ ਹੀ ਹੈ।

ਬਲਜੀਤ : ਉਸ ਕੰਡਕਟਰ ਦਾ ਮੇਰੇ ਨਾਲ ਸਲੂਕ ਬੜਾ ਅਜੀਬ ਹੈ। ਜੋ ਮੇਰੇ ਲਈ ਪਰੇਸ਼ਾਨੀ ਪੈਦਾ ਕਰਦਾ ਹੈ। ਉਹ ਹੋਰਨਾਂ ਸਵਾਰੀਆਂ ਤੋਂ ਵੱਧ ਮੇਰਾ ਖਿਆਲ ਰੱਖਣਦੀ ਕੋਸ਼ਿਸ਼ ਕਰਦਾ ਹੈ। ਹਰ ਰੋਜ਼ ਸਫਰ ਕਰਨ ਵਾਲੇ ਮੁਸਾਫਰ ਇਸ 'ਤੇ ਟਿਪਣੀਆਂ ਕਰਕੇ ਮੇਰਾ ਮਖੌਲ ਉਡਾਉਂਦੇ ਨੇ। ਕਈ ਵਾਰ ਤਾਂ ਇਹੋ ਜਿਹੀ ਗੱਲ ਉਛਾਲਦੇ ਨੇ ਕਿ ਮੈਨੂੰ ਬਹੁਤ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ। ਮੈਂ ਉਸਦੇ ਇਸ ਵਿਵਹਾਰ ਤੋਂ ਬਹੁਤ ਪਰੇਸ਼ਾਨ ਹਾਂ। ਪਲੀਜ਼ ਤੁਸੀਂ ਇਸ ਬਾਰੇ ਜ਼ਰੂਰ ਕੋਈ ਐਕਸ਼ਨ ਲਵੋ। ਮੈਂ ਤੁਹਾਨੂੰ ਗੁਜਾਰਿਸ਼ ਕਰਦੀ ਹਾਂ ਕਿ ਤੁਸੀਂ ਉਸਦੀ ਡਿਊਟੀ ਦਾ ਟਾਈਮ ਚੇਂਜ ਕਰ ਦਿਓ।

*(ਇੰਚਾਰਜ ਕੁਝ ਪਲ ਸੋਚਦਾ ਰਹਿੰਦਾ ਹੈ, ਫਿਰ ਬੋਲਦਾ ਹੈ।)*

ਇੰਚਾਰਜ : ਅਵਤਾਰ ਜੀਤ ਵੀ ਬਾਰ ਬਾਰ ਇਹੋ ਗੁਜਾਰਿਸ਼ ਕਰਦਾ ਹੈ ਕਿ ਉਸ ਦਾ ਰੂਟ ਜਾਂ ਟਾਈਮ ਚੇਂਜ ਨਾ ਕੀਤਾ ਜਾਵੇ। ਹੋਰ ਲੋਕਾਂ ਨੇ ਵੀ ਮੈਨੂੰ ਉਸਦੀ ਸ਼ਿਕਾਇਤ ਕੀਤੀ ਹੈ ਤੇ ਅਵਤਾਰ ਨਾਲ ਵੀ ਮੇਰੀ ਇਸ ਬਾਰੇ ਗੱਲ ਹੋਈ ਹੈ। ਉਹ ਇਹ ਰੂਟ ਨਹੀਂ ਛੱਡ ਸਕਦਾ।

ਬਲਜੀਤ : ਕਿਉਂ ? (ਹੈਰਾਨ)

ਇੰਚਾਰਜ : ਇਸ ਰੂਟ ਨਾਲ ਉਸਦਾ ਗਹਿਰਾ ਰਿਸ਼ਤਾ ਹੈ।

(ਬਲਜੀਤ ਹੈਰਾਨ ਜਹੀ ਵੇਖ ਰਹੀ ਹੈ।)

ਇੰਚਾਰਜ : ਇਸ ਰੂਟ ਤੇ ਉਹ ਹਰ ਰੋਜ਼ ਆਪਣੀ ਭੈਣ ਨੂੰ ਮਿਲਦਾ ਹੈ। ਜੋ ਹੁਣ ਪੜ੍ਹ ਲਿਖਕੇ ਡਾਕਟਰ ਬਣ ਗਈ ਹੈ। (ਬਲਜੀਤ ਹੈਰਾਨ) ਉਸ ਨੂੰ ਵੇਖ ਕੇ, ਉਸ ਦਾ ਖਿਆਲ ਰੱਖ ਕੇ, ਉਸ ਦੇ ਦਿਲ ਨੂੰ ਸਕੂਨ ਮਿਲਦਾ ਹੈ। ਉਸ ਨੂੰ ਪਤਾ ਏ ਕਿ ਉਸ ਦੇ ਵਿਵਹਾਰ ਨਾਲ ਤੁਹਾਨੂੰ ਤੇ ਹੋਰਨਾਂ ਨੂੰ ਪਰੇਸ਼ਾਨੀ ਹੁੰਦੀ ਹੈ ਪਰ ਆਪਣੀ ਭੈਣ ਨੂੰ ਵੇਖਦੇ ਹੀ ਉਹ ਆਪਣੇ ਜਜ਼ਬਾਤਾਂ ਨੂੰ ਰੋਕ ਨਹੀਂ ਪਾਉਂਦਾ।

ਬਲਜੀਤ : (ਚੁੱਪ, ਹੈਰਾਨ। ਸੁੰਨ ਜਹੀ ਸਭ ਕੁਝ ਸੁਣ ਰਹੀ ਹੈ। ਇੰਚਾਰਜ ਬੋਲੀ ਜਾ ਰਿਹਾ ਹੈ।)

ਇੰਚਾਰਜ : ਬੀਬਾ ਸੰਤਾਲੀ ਦੀ ਵੰਡ ਨੇ ਬਹੁਤ ਕੁਝ ਵੰਡ ਤਾ। ਘਰ, ਜ਼ਮੀਨਾਂ ਤਾਂ ਲੋਕਾਂ ਨੇ ਬਣਾ ਲਈਆਂ। ਪਰ ਰਿਸ਼ਤੇ ਵਾਪਸ ਨਾ ਜੁੜੇ। ਰਿਸ਼ਤਿਆਂ ਦਾ ਸੰਤਾਪ ਅਜੇ ਵੀ ਲੋਕ ਭੋਗ ਰਹੇ ਨੇ ਤੇ ਪਤਾ ਨਹੀਂ ਕਦੋਂ ਤੱਕ ਭੋਗਦੇ ਰਹਿਣਗੇ। ਅਵਤਾਰ ਵੀ ਇਹੋ ਜਿਹਾ ਸੰਤਾਪ ਭੋਗ ਰਿਹਾ। ਉਸਦੀ ਛੋਟੀ ਭੈਣ ਬਿੰਦਾ ਪੜ੍ਹ ਲਿਖਕੇ ਡਾਕਟਰ ਬਣਨਾ ਚਾਹੁੰਦੀ ਸੀ। ਪਰ ਸੰਤਾਲੀ ਦੀ ਵੰਡ 'ਚ ਪਤਾ ਨਹੀਂ ਕਿਥੇ ਚਲੀ ਗਈ। ਅੱਜ ਹੁੰਦੀ ਤਾਂ ਬਿਲਕੁਲ ਤੇਰੇ ਵਰਗੀ ਡਾਕਟਰ ਹੁੰਦੀ। ਅਵਤਾਰ ਜਦੋਂ ਵੀ ਤੈਨੂੰ ਵੇਖਦਾ ਹੈ ਤਾਂ ਉਸਨੂੰ ਲਗਦੈ ਕਿ ਉਸਦੀ ਭੈਣ ਮਿਲ ਗਈ ਹੈ। (ਬਲਜੀਤ ਭਾਵੁਕ ਜਿਹੀ ਵੇਖ ਰਹੀ ਹੈ।) ਲੋਕਾਂ ਨੇ ਮੁਲਕ ਵੰਡ ਕੇ ਉਹਦੀ ਇਕ ਭੈਣ ਖੋਹ ਲਈ। ਹੁਣ ਮੈਂ ਰੂਟ ਵੰਡ ਕੇ ਉਹਦੀ ਦੂਜੀ ਭੈਣ ਕਿਵੇਂ ਖੋਹ ਲਵਾਂ। (ਦੋਵੇਂ ਭਾਵੁਕ। ਚੁੱਪੀ। ਬਲਜੀਤ ਜਾਣ ਲਗਦੀ ਹੈ।) ਬੀਬਾ ਅਵਤਾਰ ਨੂੰ ਗ਼ਲਤ ਨਾ ਸਮਝੀਂ, ਉਹ ਬਹੁਤ ਪਿਆਰਾ ਬੰਦਾ ਹੈ।

*(ਬਲਜੀਤ ਭਾਵੁਕ ਜਿਹੀ ਉਥੋਂ ਨਿਕਲਦੀ ਹੈ। ਇੰਚਾਰਜ ਉਸ ਨੂੰ ਜਾਂਦਿਆਂ ਵੇਖ ਰਿਹਾ ਹੈ।)*

## ਸੀਨ 22

Night. Indoor.

ਬਲਜੀਤ ਦੇ ਘਰ 'ਚ ਉਸਦਾ ਕਮਰਾ। ਉਹ ਬਿਸਤਰ 'ਤੇ ਬੈਠੀ ਸੋਚ ਰਹੀ ਹੈ, ਉਸਨੂੰ ਇੰਚਾਰਜ ਦੀਆਂ ਗੱਲਾਂ ਯਾਦ ਆ ਰਹੀਆਂ ਨੇ।

## ਸੀਨ 23

Roadside day, Inside bus.

Bus ਚਲ ਰਹੀ ਹੈ। ਬੱਸ ਰੁੱਕਦੀ ਹੈ। ਬਲਜੀਤ ਉਤਰ ਕੇ ਆਪਣੇ ਰਾਹ ਪੈ ਜਾਂਦੀ ਹੈ। ਅਵਤਾਰ ਉਸਨੂੰ ਜਾਂਦੇ ਵੇਖ ਰਿਹਾ ਹੈ। ਥੋੜੀ ਦੂਰ ਜਾ ਕੇ ਬਲਜੀਤ ਰੁਕਦੀ ਹੈ। ਪਿਛੇ ਮੁੜਦੀ ਹੈ।

ਅਵਤਾਰ ਦਾ ਚਿਹਰਾ ਖਿਲ ਜਾਂਦਾ ਹੈ (ਬੱਸ ਚਲ ਪੈਂਦੀ ਹੈ)।

ਬਲਜੀਤ ਆਪਣੇ ਰਾਹ ਜਾ ਰਹੀ ਹੈ ਤੇ ਬੱਸ ਆਪਣੇ ਰਾਹ...

ਬਜ਼ੁਰਗ ਫਕੀਰ ਦਾ Voice over

Voice over ਕਿਸੇ ਦਾ ਕਿਸੇ ਨਾਲ ਕੀ ਰਿਸ਼ਤਾਹੈ, ਕੌਣ ਜਾਣਦਾ ਹੈ?

ਦ੍ਰਿਸ਼ ਫਰੀਜ਼ ਹੁੰਦਾ ਹੈ। Caption super ਹੁੰਦੇ ਨੇ।

*ਸਮਾਪਤ*